British Columbia's
Office of the Human Rights
Commissioner

# ਰਾਈਟਸ ਇਨ ਫੋਕਸ : ਬੀ ਸੀ ਵਿੱਚ ਜੀਵਨ ਦੀਆਂ ਅਸਲ ਹਕੀਕਤਾਂ



ਸਾਰ | ਅਗਸਤ 2024

British Columbia's
**Office of the Human Rights Commissioner**

# ਰਾਈਟਸ ਇਨ ਫੋਕਸ:
# ਬੀ ਸੀ ਵਿੱਚ ਜੀਵਨ ਦੀਆਂ ਅਸਲ ਹਕੀਕਤਾਂ

## ਅਗਸਤ 2024

ਬ੍ਰਿਟਿਸ਼ ਕੋਲੰਬੀਆ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦਾ ਦਫ਼ਤਰ (ਬੀ ਸੀ ਓ ਐੱਚ ਆਰ ਸੀ) ਇਸ ਪ੍ਰਕਾਸ਼ਨ ਵਿੱਚ ਪੇਸ਼ ਕੀਤੀ ਜਾਣਕਾਰੀ ਦੀ ਵੰਡ ਅਤੇ ਵਟਾਂਦਰੇ ਨੂੰ ਉਤਸ਼ਾਹਿਤ ਕਰਦਾ ਹੈ। ਇਸ ਪ੍ਰਕਾਸ਼ਨ ਵਿੱਚ ਪੇਸ਼ ਕੀਤੀ ਗਈ ਸਾਰੀ ਸਮਗਰੀ, ਫ਼ੋਟੋਆਂ ਅਤੇ ਚਿੱਤਰਾਂ, ਬੀ ਸੀ ਓ ਐੱਚ ਆਰ ਸੀ ਦੇ ਲੋਗੋ, ਕਿਸੇ ਵੀ ਬ੍ਰਾਂਡਿੰਗ ਜਾਂ ਟ੍ਰੇਡ ਮਾਰਕ, ਤੀਜੀ ਧਿਰ ਦੁਆਰਾ ਪ੍ਰਦਾਨ ਕੀਤਾ ਗਿਆ ਵਿਸ਼ਾ-ਵਸਤੂ ਜਾਂ ਸਮਗਰੀ ਅਤੇ ਜਾਂ ਜਿੱਥੇ ਸੰਕੇਤ ਦਿੱਤੇ ਗਏ ਹਨ ਤੋਂ ਇਲਾਵਾ ਕਰੀਏਟਿਵ ਕਾਮਨਜ਼ ਐਟ੍ਰਬਿਊਸ਼ਨ 4.0 ਇੰਟਰਨੈਸ਼ਨਲ ਲਾਇਸੈਂਸ ਦੇ ਅਧੀਨ ਲਾਇਸੰਸ ਸ਼ੁਦਾ ਹੈ। ਲਾਇਸੈਂਸ ਰਿਵਿਊ ਕਰਨ ਲਈ, ਇੱਥੇ ਜਾਓ: **creativecommons.org/licenses/by/4.0/**

ਬੀ ਸੀ ਓ ਐੱਚ ਆਰ ਸੀ ਕੁਦਰਤੀ ਵਾਤਾਵਰਣ ਦੀ ਰੱਖਿਆ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਿਚਕਾਰ ਮਹੱਤਵਪੂਰਨ ਸਬੰਧ ਨੂੰ ਮਾਨਤਾ ਦਿੰਦਾ ਹੈ। ਵਾਤਾਵਰਣ ਉੱਪਰ ਆਪਣਾ ਘੱਟ ਅਸਰ ਪਾਉਣ ਦਾ ਸਾਡਾ ਇੱਕ ਤਰੀਕਾ ਹੈ ਕਿ ਆਪਣੀਆਂ ਰਿਪੋਰਟਾਂ ਦੀਆਂ ਪ੍ਰਿੰਟ ਕਾਪੀਆਂ ਨੂੰ ਸੀਮਤ ਕਰੀਏ। ਜੇਕਰ ਤੁਹਾਨੂੰ ਇਸ ਰਿਪੋਰਟ ਨੂੰ ਇਸ ਦੇ ਇਲੈੱਕਟ੍ਰਾਨਿਕ ਫਾਰਮੈਟ ਵਿੱਚ ਪੜ੍ਹਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਕਿਰਪਾ ਕਰ ਕੇ ਪ੍ਰਿੰਟ ਕੀਤੀ ਕਾਪੀ ਪ੍ਰਾਪਤ ਕਰਨ ਦੀ ਬੇਨਤੀ ਕਰਨ ਲਈ ਸਾਡੇ ਦਫ਼ਤਰ ਨਾਲ ਸੰਪਰਕ ਕਰੋ।

ਪ੍ਰਭਾਵਿਤ ਭਾਈਚਾਰਿਆਂ ਲਈ ਸਹਾਇਤਾ: ਅਸੀਂ ਮੰਨਦੇ ਹਾਂ ਕਿ ਇਸ ਰਿਪੋਰਟ ਵਿਚਲੀ ਕੁਝ ਜਾਣਕਾਰੀ ਪਰੇਸ਼ਾਨ ਕਰਨ ਵਾਲੀ ਹੋ ਸਕਦੀ ਹੈ। ਪੇਸ਼ ਕੀਤੇ ਗਏ ਮੁੱਦੇ, ਜਦੋਂ ਕਿ ਜਾਂਚ ਕਰਨ ਲਈ ਜ਼ਰੂਰੀ ਹਨ, ਨਿਰਾਸ਼ ਕਰਨ ਵਾਲੇ ਹਨ, ਖ਼ਾਸ ਤੌਰ 'ਤੇ ਗੰਭੀਰ ਰੂਪ ਨਾਲ ਪ੍ਰਭਾਵਿਤ ਲੋਕਾਂ ਲਈ। ਬ੍ਰਿਟਿਸ਼ ਕੋਲੰਬੀਆ ਦੇ ਉਹ ਲੋਕ ਜਿਹੜੇ ਇਸ ਰਿਪੋਰਟ ਨੂੰ ਪੜ੍ਹਦੇ ਸਮੇਂ ਤਕਲੀਫ਼ ਮਹਿਸੂਸ ਕਰਦੇ ਹੋਣ ਜਾਂ ਜਿਨ੍ਹਾਂ ਨੂੰ ਤੁਰੰਤ ਮਦਦ ਦੀ ਲੋੜ ਹੋਵੇ, ਸੰਕਟ ਲਾਈਨਾਂ ਅਤੇ ਐਮਰਜੈਂਸੀ ਮਾਨਸਿਕ ਸਿਹਤ ਸਹਾਇਤਾ ਦੀ ਸੂਚੀ ਤੱਕ ਪਹੁੰਚ ਕਰ ਸਕਦੇ ਹਨ, ਜਿਹੜੀ ਅਸੀਂ ਇੱਥੇ ਆਪਣੀ ਵੈੱਬਸਾਈਟ 'ਤੇ ਇਕੱਠੀ ਕਰ ਕੇ ਪੇਸ਼ ਕੀਤੀ ਹੈ: **bchumanrights.ca/support**

ਬੀ ਸੀ ਓ ਐੱਚ ਆਰ ਸੀ ਦੇ ਸਟਾਫ਼ ਦੇ ਬਹੁਤ ਸਾਰੇ ਮੈਂਬਰ ਵੱਖ-ਵੱਖ ਸਮਿਆਂ 'ਤੇ ਇਸ ਰਿਪੋਰਟ ਨੂੰ ਤਿਆਰ ਕਰਨ ਵਿੱਚ ਸ਼ਾਮਲ ਸਨ। ਬੇਸ ਲਾਈਨ ਪ੍ਰੋਜੈਕਟ ਟੀਮ ਦੇ ਕੇਂਦਰੀ ਮੈਂਬਰਾਂ ਅਤੇ ਖ਼ਾਸ ਤੌਰ 'ਤੇ ਮੋਨਿਕਾ ਪੇਟੇਕ ਅਤੇ ਰਿਆਨ ਟੋਨਕਿਨ ਸਮੇਤ ਕਮਿਸ਼ਨਰ ਇਸ ਰਿਪੋਰਟ ਨੂੰ ਮੁਕੰਮਲ ਕਰਨ ਵਿੱਚ ਸ਼ਾਮਲ ਹਰ ਕਿਸੇ ਦਾ ਧੰਨਵਾਦ ਕਰਦਾ ਹੈ।

ਇਹ ਪ੍ਰਕਾਸ਼ਨ ਬ੍ਰਿਟਿਸ਼ ਕੋਲੰਬੀਆ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫ਼ਤਰ ਦੀ ਵੈੱਬਸਾਈਟ 'ਤੇ ਇਲੈੱਕਟ੍ਰਾਨਿਕ ਫਾਰਮੈਟ ਵਿੱਚ ਦੇਖਿਆ ਜਾ ਸਕਦਾ ਹੈ: **bchumanrights.ca/in-focus**

ਆਈ ਐੱਸ ਬੀ ਐੱਨ: 978-1-990626-13-5

**© British Columbia's Office of the Human Rights Commissioner**
536 - 999 Canada Place
Vancouver, BC V6C 3E1
1-844-922-6472 | **info@bchumanrights.ca**

British Columbia's
**Office of the Human Rights Commissioner**

ਇਸ ਸਥਾਨ, ਜਿਸ ਨੂੰ ਅਸੀਂ ਹੁਣ ਬ੍ਰਿਟਿਸ਼ ਕੋਲੰਬੀਆ ਕਹਿੰਦੇ ਹਾਂ, ਦੇ ਇਨਡਿਜ਼ਨਿਸ (ਮੂਲਵਾਸੀ) ਲੋਕਾਂ ਨੂੰ : ਅੱਜ ਅਸੀਂ ਆਪਣਾ ਮਨ ਤੁਹਾਡੇ ਵੱਲ ਅਤੇ ਤੁਹਾਡੇ ਪੁਰਖਿਆਂ ਵੱਲ ਮੋੜਦੇ ਹਾਂ। ਤੁਸੀਂ ਆਪਣੀਆਂ ਅਣਸੌਂਪੀਆਂ ਮਾਤਭੂਮੀਆਂ ਨੂੰ ਮਜ਼ਬੂਤ ਰੱਖਿਆ ਹੈ। ਅਸੀਂ ਇੱਥੇ ਰਹਿਣ ਅਤੇ ਕੰਮ ਕਰਨ ਲਈ ਸ਼ੁਕਰਗੁਜ਼ਾਰ ਹਾਂ।

# ਕਾਰਜਕਾਰੀ ਸਾਰ

ਇਹ ਰਾਈਟਸ ਇਨ ਫੋਕਸ ਰਿਪੋਰਟ ਬ੍ਰਿਟਿਸ਼ ਕੋਲੰਬੀਆ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਦੀ ਇੱਕ ਝਲਕ ਹੈ। ਰਿਪੋਰਟ ਦਸ ਮੁੱਖ ਮੁੱਦਿਆਂ ਵਾਲੇ ਖੇਤਰਾਂ ਨਾਲ ਸੰਬੰਧਿਤ ਮੁੱਖ ਅਸਮਾਨਤਾਵਾਂ ਅਤੇ ਬੇਇਨਸਾਫ਼ੀਆਂ ਨੂੰ ਉਜਾਗਰ ਕਰਦੀ ਹੈ। ਰਿਪੋਰਟ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਕਿਵੇਂ ਇਹਨਾਂ ਵਿੱਚੋਂ ਹਰੇਕ ਮੁੱਦਾ ਮਨੁੱਖੀ ਅਧਿਕਾਰਾਂ ਦੀਆਂ ਚਿੰਤਾਵਾਂ ਨੂੰ ਵਧਾਉਂਦਾ ਹੈ ਅਤੇ ਕਿਸ ਹੱਦ ਤੱਕ ਇਹ ਸਾਡੇ ਭਾਈਚਾਰਿਆਂ ਵਿੱਚ ਸਭ ਤੋਂ ਵੱਧ ਹਾਸ਼ੀਆਗ੍ਰਸਤ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ।

ਇਸ ਰਿਪੋਰਟ ਵਿਚਲਾ ਹਰ ਭਾਗ ਇੱਕ ਵੱਖਰੀ ਪ੍ਰਣਾਲੀ (ਸਿਸਟਮ)ਉੱਤੇ ਕੇਂਦਰਿਤ ਹੈ — ਉਦਾਹਰਨ ਲਈ, ਚਾਈਲਡ ਵੈੱਲਫੇਅਰ ਸਿਸਟਮ (ਬਾਲ ਕਲਿਆਣ ਪ੍ਰਣਾਲੀ), ਐਜੂਕੇਸ਼ਨ ਸਿਸਟਮ (ਸਿੱਖਿਆ ਪ੍ਰਣਾਲੀ) ਅਤੇ ਕ੍ਰਿਮੀਨਲ ਜਸਟਿਸ ਸਿਸਟਮ(ਫੌਜਦਾਰੀ ਨਿਆਂ ਪ੍ਰਣਾਲੀ)। ਅਸੀਂ ਦੱਸਿਆ ਹੈ ਕਿ ਕਿਵੇਂ ਹਰੇਕ ਸਿਸਟਮ ਵਿਸ਼ੇਸ਼ ਭਾਈਚਾਰਿਆਂ ਜਾਂ ਵਿਅਕਤੀਆਂ ਨੂੰ ਬੇਮੇਲ ਤੌਰ 'ਤੇ ਨੁਕਸਾਨਦੇਹ ਤਰੀਕਿਆਂ ਨਾਲ ਪ੍ਰਭਾਵਿਤ ਕਰਦਾ ਹੈ। ਹਰੇਕ "ਸਪੌਟਲਾਈਟ" ਉਪ ਭਾਗ ਇਹਨਾਂ ਵਿਆਪਕ ਪ੍ਰਣਾਲੀਗਤ ਮੁੱਦਿਆਂ ਦੇ ਇੱਕ ਖ਼ਾਸ ਪਹਿਲੂ 'ਤੇ ਨੇੜੀਓਂ ਝਾਤ ਪਾਉਂਦਾ ਹੈ, ਕੁਝ ਠੋਸ ਅਤੇ ਨੁਕਸਾਨਦੇਹ ਤਰੀਕਿਆਂ ਬਾਰੇ ਵੇਰਵੇ ਪ੍ਰਦਾਨ ਕਰਦਾ ਹੈ ਜਿਹਨਾਂ ਰਾਹੀਂ ਉਹ ਮੁੱਦਾ ਲੋਕਾਂ ਦੇ ਜੀਵਨ ਅਤੇ ਮਨੁੱਖੀ ਅਧਿਕਾਰਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਇਸ ਰਿਪੋਰਟ ਵਿੱਚ ਸਾਡੇ ਵੱਲੋਂ ਵੱਖ ਵੱਖ ਸ੍ਰੋਤਾਂ ਤੋਂ ਸਿੱਖੀਆਂ ਗਈਆਂ ਚੀਜ਼ਾਂ ਨੂੰ ਦਰਜ ਕੀਤਾ ਗਿਆ ਹੈ। ਇਹਨਾਂ ਸ੍ਰੋਤਾਂ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ, ਮਸਲਿਆਂ ਨੂੰ ਸੁਧਾਰਨ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਅਕਾਦਮਿਕ, ਸਰਕਾਰਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਕੀਤੇ ਗਏ ਖੋਜ ਕਾਰਜਾਂ ਦਾ ਸਰਵੇਖਣ ਸ਼ਾਮਲ ਹੈ। ਇਹ ਅਸਲ ਬਰਾਬਰੀ ਦੇ ਬੁਨਿਆਦੀ ਅਧਿਕਾਰ ਦੀ ਰੱਖਿਆ ਕਰਨ ਵਾਲੇ ਵਿਧਾਨਕ ਕਾਨੂੰਨ (ਸਟੈਚੂਟਰੀ ਲਾਅ), ਸੰਵਿਧਾਨ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਵਿੱਚ ਦਰਜ ਕਾਨੂੰਨੀ ਜ਼ਿੰਮੇਵਾਰੀਆਂ ਅਤੇ ਵਚਨਬੱਧਤਾਵਾਂ ਨੂੰ ਵੀ ਦਰਸਾਉਂਦੀ ਹੈ।



## ਮੁੱਦਿਆਂ ਵਾਲੇ 10 ਖੇਤਰ

- **ਰਿਹਾਇਸ਼ ਦਾ ਅਧਿਕਾਰ** ਹਰ ਕਿਸੇ ਨੂੰ ਹੌਲੀ ਹੌਲੀ ਸਮਾਂ ਪਾ ਕੇ ਢੁਕਵੀਂ ਰਿਹਾਇਸ਼ ਪ੍ਰਾਪਤ ਕਰਨ ਦਾ ਹੱਕਦਾਰ ਬਣਾਉਂਦਾ ਹੈ। ਹੌਲੀ ਹੌਲੀ ਸਮਾਂ ਪਾ ਕੇ ਪ੍ਰਾਪਤੀ (ਪ੍ਰੌਗਰੈਸਿਵ ਰੀਅਲਾਈਜ਼ੇਸ਼ਨ) ਦਾ ਮਤਲਬ ਹੈ ਕਿ ਸਰਕਾਰ ਦੇ ਸਾਰੇ ਪੱਧਰ ਉਪਲਬਧ ਵਸੀਲਿਆਂ ਦੇ ਅੰਦਰ ਇਸ ਬੁਨਿਆਦੀ ਲੋੜ ਦੀ ਪੂਰਤੀ ਕਰਨ ਵੱਲ ਕਦਮ ਚੁੱਕਣ ਲਈ ਜ਼ਿੰਮੇਵਾਰ ਹਨ। ਫਿਰ ਵੀ ਕੈਨੇਡਾ ਵਿੱਚ ਬੀ ਸੀ ਦੇ ਵਸਨੀਕਾਂ ਨੂੰ ਰਿਹਾਇਸ਼ ਦੇ ਪੁੱਜਤ ਤੋਂ ਬਾਹਰ ਹੋਣ ਦੀ ਸਭ ਤੋਂ ਉੱਚੀ ਦਰ ਦਾ ਸਾਹਮਣਾ ਕਰਨਾ ਪੈਂਦਾ ਹੈ। ਨਤੀਜੇ ਵਜੋਂ, ਬੇਘਰੇ ਹੋਣ ਅਤੇ ਕੈਂਪਾਂ ਵਿੱਚ ਰਿਹਾਇਸ਼ ਵਿੱਚ ਵਾਧਾ ਹੋ ਰਿਹਾ ਹੈ: 2023 ਵਿੱਚ ਬੇਘਰਿਆਂ ਦੀ ਗਿਣਤੀ 2020/21 ਦੀ ਤੁਲਨਾ ਵਿੱਚ 31 ਪ੍ਰਤੀਸ਼ਤ ਜ਼ਿਆਦਾ ਹੈ। ਕਿਫ਼ਾਇਤੀ ਰਿਹਾਇਸ਼ ਦੀ ਘਾਟ ਬੇਮੇਲ ਤੌਰ `ਤੇ ਹਾਸ਼ੀਆਗ੍ਰਸਤ ਸਮੂਹਾਂ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਵਿੱਚ ਅਪਾਹਜ ਲੋਕ, ਇਨਡਿਜਨਿਸ (ਮੂਲਵਾਸੀ) ਲੋਕ ਅਤੇ ਔਰਤਾਂ ਸ਼ਾਮਲ ਹਨ। **ਹਾਊਸਿੰਗ ਸੈਕਸ਼ਨ** ਵਿੱਚ, ਅਸੀਂ ਇਸ ਗੱਲ 'ਤੇ ਰੋਸ਼ਨੀ ਪਾਉਂਦੇ ਹਾਂ ਕਿ ਕਿਸ ਤਰ੍ਹਾਂ ਖ਼ਾਸ ਤੌਰ `ਤੇ ਔਰਤਾਂ ਵਿੱਚ "ਅਣਦਿਸਦੇ" ਬੇਘਰੇਪਣ ਨਾਲ ਵਾਹ ਪੈਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਜਿਸ ਵਿੱਚ ਉਹ ਘਟੀਆ, ਅਸੁਰੱਖਿਅਤ ਜਾਂ ਸ਼ੋਸ਼ਣਕਾਰੀ ਰਿਹਾਇਸ਼ ਨੂੰ ਸਵੀਕਾਰ ਕਰ ਕੇ ਸੜਕ 'ਤੇ ਰਹਿਣ ਤੋਂ ਬਚਦੀਆਂ ਹਨ।

- **ਜੀਵਨ ਦੇ ਢੁਕਵੇਂ ਮਿਆਰ ਦਾ ਅਧਿਕਾਰ** ਹਰ ਕਿਸੇ ਨੂੰ ਹੌਲੀ ਹੌਲੀ ਸਮਾਂ ਪਾ ਕੇ ਗ਼ਰੀਬੀ ਰਹਿਤ ਜੀਵਨ ਦੀ ਪ੍ਰਾਪਤੀ (ਪ੍ਰੌਗਰੈਸਿਵ ਰੀਅਲਾਈਜ਼ੇਸ਼ਨ) ਦਾ ਹੱਕ ਦਿੰਦਾ ਹੈ। ਇਹ ਸਮਾਜਿਕ ਸੁਰੱਖਿਆ ਜਾਲ (ਸੋਸ਼ਲ ਸੇਫਟੀ ਨੈੱਟ) ਦੇ ਤੌਰ `ਤੇ ਜਾਣੀਆਂ ਜਾਂਦੀਆਂ ਮਿਨੀਮਮ ਵੇਜ (ਘੱਟੋ ਘੱਟ ਉਜਰਤ) ਅਤੇ ਸੋਸ਼ਲ ਅਸਿਸਟੈਂਸ (ਸਮਾਜਿਕ ਸਹਾਇਤਾ) ਵਰਗੀਆਂ ਸਰਕਾਰੀ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਇਕ ਸੈੱਟ `ਤੇ ਨਿਰਭਰ ਕਰਦਾ ਹੈ। ਵਰਤਮਾਨ ਵਿੱਚ, ਸਮਾਜਿਕ ਸੁਰੱਖਿਆ ਜਾਲ (ਸੋਸ਼ਲ ਸੇਫਟੀ ਨੈੱਟ) ਢੁਕਵੇਂ ਜੀਵਨ ਪੱਧਰ ਨੂੰ ਯਕੀਨੀ ਬਣਾਉਣ ਵਿੱਚ ਕਾਮਯਾਬ ਨਹੀਂ ਹੈ: ਲਗਭਗ ਨੌਂ ਵਿੱਚੋਂ ਇੱਕ ਬੀ ਸੀ ਵਾਸੀ ਗ਼ਰੀਬੀ ਵਿੱਚ ਰਹਿੰਦਾ ਹੈ। ਇਸ ਤੋਂ ਇਲਾਵਾ, ਸਾਲਾਂ ਦੀ ਗਿਰਾਵਟ ਤੋਂ ਬਾਅਦ, ਗ਼ਰੀਬੀ ਦੀ ਦਰ 2020 ਵਿੱਚ 7.6 ਪ੍ਰਤੀਸ਼ਤ ਤੋਂ ਵੱਧ ਕੇ 2022 ਵਿੱਚ 11.6 ਪ੍ਰਤੀਸ਼ਤ ਹੋ ਗਈ। **ਸਮਾਜਿਕ ਸੁਰੱਖਿਆ ਜਾਲ (ਸੋਸ਼ਲ ਸੇਫ਼ਟੀ ਨੈੱਟ) ਸੈਕਸ਼ਨ** ਵਿੱਚ, ਅਸੀਂ ਇਸ ਗੱਲ 'ਤੇ ਚਾਨਣਾ ਪਾਉਂਦੇ ਹਾਂ ਕਿ ਗ਼ਰੀਬੀ ਦਾ ਸਾਹਮਣਾ ਕਰ ਰਹੇ ਕਿੰਨੇ ਲੋਕ ਆਪਣੀ ਸਮਾਜਿਕ ਸਥਿਤੀ ਦੇ ਅਧਾਰ 'ਤੇ ਵਿਤਕਰੇ ਦਾ ਵੀ ਸਾਹਮਣਾ ਕਰਦੇ ਹਨ। ਬਦਕਿਸਮਤੀ ਨਾਲ, ਕਾਨੂੰਨ ਦੁਆਰਾ ਅਜਿਹੇ ਵਿਤਕਰੇ ਦੀ ਮਨਾਹੀ ਨਹੀਂ ਹੈ।

- **ਸਿੱਖਿਆ ਦਾ ਅਧਿਕਾਰ** ਵਿਦਿਆਰਥੀਆਂ ਨੂੰ ਸੁਰੱਖਿਅਤ, ਸਮਾਨਤਾ ਵਾਲੇ ਅਤੇ ਪਹੁੰਚ ਯੋਗ ਸਿੱਖਣ ਦੇ ਮਾਹੌਲ ਵਿੱਚ ਉਚਿਤ ਸਲੂਕ ਦਾ ਹੱਕ ਦਿੰਦਾ ਹੈ। ਫਿਰ ਵੀ, ਬੀ ਸੀ ਵਿੱਚ, ਵਿੱਦਿਅਕ ਨਤੀਜਿਆਂ ਵਿੱਚ ਸਮੂਹਾਂ ਵਿਚਕਾਰ ਵੱਡੇ ਅੰਤਰ ਹਨ। ਸਬੂਤ ਦਰਸਾਉਂਦੇ ਹਨ ਕਿ ਮਾੜੇ ਨਤੀਜਿਆਂ ਵਾਲੇ ਸਮੂਹਾਂ ਨੂੰ ਸਕੂਲਾਂ ਵਿੱਚ ਅਲਹਿਦਗੀ, ਨਸਲਵਾਦ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਦਾਹਰਨ ਲਈ, ਸਾਰੇ ਵਿਦਿਆਰਥੀਆਂ ਵਿੱਚੋਂ 92 ਪ੍ਰਤੀਸ਼ਤ ਛੇ ਸਾਲਾਂ ਵਿੱਚ ਸੈਕੰਡਰੀ ਸਕੂਲ ਪੂਰਾ ਕਰਦੇ ਹਨ, ਪਰ ਸਿਰਫ਼ 78 ਪ੍ਰਤੀਸ਼ਤ ਅਪਾਹਜ ਵਿਦਿਆਰਥੀ ਅਤੇ 75 ਪ੍ਰਤੀਸ਼ਤ ਇਨਡਿਜਨਿਸ (ਮੂਲਵਾਸੀ) ਵਿਦਿਆਰਥੀ ਅਜਿਹਾ ਕਰਦੇ ਹਨ। ਇਸ ਤੋਂ ਇਲਾਵਾ, ਮਨੁੱਖੀ-ਅਧਿਕਾਰਾਂ ਨਾਲ ਸੰਬੰਧਿਤ ਸਿੱਖਿਆ ਵਿੱਚ ਕਮੀਆਂ ਹਨ, ਅਤੇ ਸਮਾਜਿਕ ਨਿਆਂ ਨਾਲ ਸੰਬੰਧਿਤ ਸਮਗਰੀ ਨੂੰ ਪੜ੍ਹਾਉਣਾ ਕਾਫੀ ਜ਼ਿਆਦਾ ਵਿਵਾਦਪੂਰਨ ਹੈ। **ਸਿੱਖਿਆ ਭਾਗ** ਵਿੱਚ, ਅਸੀਂ ਸਕੂਲਾਂ ਵਿੱਚ LGBTQ2SAI+ ਬੱਚਿਆਂ ਅਤੇ ਨੌਜਵਾਨਾਂ ਦੇ ਤਜਰਬਿਆਂ ਅਤੇ ਵਿੱਦਿਅਕ ਥਾਵਾਂ `ਤੇ ਸਮਾਨਤਾ ਪੈਦਾ ਕਰਨ ਵਾਲੇ ਸਹਾਇਕ ਸਿੱਖਿਆ ਸਰੋਤ SOGI 1 2 3 ਦੇ ਆਲੇ-ਦੁਆਲੇ ਦੇ ਵਿਵਾਦਾਂ 'ਤੇ ਰੋਸ਼ਨੀ ਪਾਉਂਦੇ ਹਾਂ। SOGI 1 2 3 ਨੇ ਕਾਫ਼ੀ ਗ਼ਲਤਫ਼ਹਿਮੀ ਪੈਦਾ ਕੀਤੀ ਹੈ ਅਤੇ 2023 ਵਿੱਚ ਵੱਡੇ ਪੱਧਰ 'ਤੇ ਸਿਆਸੀ ਕਾਰਵਾਈ ਦਾ ਵਿਸ਼ਾ ਸੀ।

- **ਰੁਜ਼ਗਾਰ ਵਿੱਚ ਉਚਿਤ ਸਲੂਕ ਦਾ ਅਧਿਕਾਰ** ਲੋਕਾਂ ਨੂੰ ਕੰਮ ਵਾਲੀ ਥਾਂ 'ਤੇ ਬਰਾਬਰੀ ਦਾ ਹੱਕ ਦਿੰਦਾ ਹੈ। ਫਿਰ ਵੀ ਪ੍ਰਣਾਲੀਗਤ (ਸਿਸਟੈਮਿਕ) ਵਿਤਕਰੇ ਦੇ ਨਿਰੰਤਰ ਪ੍ਰਭਾਵ ਪੂਰੀ ਲੇਬਰ ਮਾਰਕੀਟ ਵਿੱਚ ਸਪਸ਼ਟ ਹਨ। ਅਪਾਹਜਤਾ ਵਾਲੇ ਲੋਕ ਆਪਣੇ ਕੰਮ ਨਾਲ ਸੰਬੰਧਿਤ ਯੋਗਤਾਵਾਂ ਬਾਰੇ ਪੱਖਪਾਤੀ ਵਿਚਾਰਾਂ ਦਾ ਸਾਹਮਣਾ ਕਰਦੇ ਹਨ। ਮਰਦਾਂ ਦੇ ਮੁਕਾਬਲੇ, ਔਰਤਾਂ ਵੱਲੋਂ ਪਾਰਟ-ਟਾਈਮ ਕੰਮ ਕਰਨ ਦੀ ਜ਼ਿਆਦਾ ਸੰਭਾਵਨਾ ਹੈ ਅਤੇ ਉਹ ਹਰ ਡਾਲਰ ਲਈ ਸਿਰਫ਼ 68 ਸੈਂਟ ਕਮਾਉਂਦੀਆਂ ਹਨ। ਸੁਰੱਖਿਅਤ ਨੌਕਰੀਆਂ ਰੱਖਣ ਵਿੱਚ ਇਨਡਿਜਨਿਸ (ਮੂਲਵਾਸੀ) ਲੋਕਾਂ ਦੀ ਗੈਰ-ਇਨਡਿਜਨਿਸ ਲੋਕਾਂ ਨਾਲੋਂ ਘੱਟ ਸੰਭਾਵਨਾ ਹੈ। ਸਾਡੇ ਦਫ਼ਤਰ ਲਈ ਕਰਵਾਏ ਗਏ ਇੱਕ ਸਰਵੇਖਣ ਲਈ 10 ਵਿੱਚੋਂ ਇੱਕ ਉੱਤਰ ਦੇਣ ਵਾਲੇ ਨੇ ਬੀ ਸੀ ਵਿੱਚ ਨੌਕਰੀ ਲਈ ਅਰਜ਼ੀ ਦੇਣ ਵੇਲੇ ਆਪਣੀ ਪਛਾਣ ਦੇ ਆਧਾਰ 'ਤੇ ਵਿਤਕਰੇ ਦਾ ਅਨੁਭਵ ਹੋਣ ਬਾਰੇ ਦੱਸਿਆ ਹੈ। ਇਹ ਹੋਰ ਖੋਜਾਂ ਨਾਲ ਮੇਲ ਖਾਂਦਾ ਹੈ ਜੋ ਇਹ ਦਰਸਾਉਂਦਾ ਹੈ ਕਿ ਹਾਸ਼ੀਏ `ਤੇ ਹੋਣ ਵਾਲੀਆਂ ਪਛਾਣਾਂ ਨਾਲ ਸੰਬੰਧਿਤ ਸਮੂਹਾਂ ਦੇ ਲੋਕਾਂ ਦੀ ਰੁਜ਼ਗਾਰ ਪ੍ਰਾਪਤ ਕਰਨ, ਸੁਰੱਖਿਅਤ ਨੌਕਰੀਆਂ ਵਿੱਚ ਕੰਮ ਕਰਨ ਜਾਂ ਪ੍ਰਬੰਧਕੀ ਭੂਮਿਕਾਵਾਂ ਰੱਖਣ ਦੀ ਸੰਭਾਵਨਾ ਘੱਟ ਹੁੰਦੀ ਹੈ ਅਤੇ ਉਹ ਆਪਣੇ ਕੰਮ ਲਈ ਘੱਟ ਕਮਾਈ ਕਰਦੇ ਹਨ। **ਰੁਜ਼ਗਾਰ ਸੈਕਸ਼ਨ** ਵਿੱਚ, ਅਸੀਂ ਅਸਥਾਈ ਵਿਦੇਸ਼ੀ ਕਾਮਿਆਂ ਦੇ ਅਨੁਭਵਾਂ 'ਤੇ ਰੋਸ਼ਨੀ ਪਾਉਂਦੇ ਹਾਂ। ਜਿਹੜੇ ਵਰਕਰ ਬੀ ਸੀ ਵਿੱਚ ਅਸਥਾਈ ਤੌਰ 'ਤੇ ਟੈਂਪਰੇਰੀ ਫ਼ੌਰਨ ਵਰਕਰਜ਼ ਪ੍ਰੋਗਰਾਮ ਰਾਹੀਂ ਆਉਂਦੇ ਹਨ, ਉਹ ਖ਼ਾਸ ਤੌਰ 'ਤੇ ਕਮਜ਼ੋਰ ਹੁੰਦੇ ਹਨ, ਕਿਉਂਕਿ ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ ਉਹਨਾਂ ਦੇ ਰੁਜ਼ਗਾਰ ਨਾਲ ਜੁੜੀ ਹੁੰਦੀ ਹੈ। ਇਹ ਰਿਸ਼ਤਾ ਅਸਥਾਈ ਵਿਦੇਸ਼ੀ ਕਾਮਿਆਂ ਦੇ ਮਾਲਕਾਂ ਨੂੰ ਰੁਜ਼ਗਾਰ ਸਬੰਧਾਂ ਵਿੱਚ ਬਹੁਤ ਜ਼ਿਆਦਾ ਸ਼ਕਤੀ ਪ੍ਰਦਾਨ ਕਰਦਾ ਹੈ ਅਤੇ ਬਹੁਤ ਸਾਰੇ ਕਾਮੇ ਰਿਪੋਰਟ ਕਰਦੇ ਹਨ ਕਿ ਸ਼ਕਤੀ ਦੀ ਅਕਸਰ ਦੁਰਵਰਤੋਂ ਕੀਤੀ ਜਾਂਦੀ ਹੈ।

- **ਸਿਹਤ ਸੰਭਾਲ ਦਾ ਅਧਿਕਾਰ** ਹਰ ਕਿਸੇ ਨੂੰ ਸਿਹਤ ਦੇ ਉੱਚਤਮ ਪ੍ਰਾਪਤੀ ਯੋਗ ਮਿਆਰ ਦਾ ਹੱਕਦਾਰ ਬਣਾਉਂਦਾ ਹੈ। ਚੰਗੀ ਸਿਹਤ ਲਈ ਉੱਚ

ਕਵਾਲਿਟੀ ਵਾਲੇ ਡਾਕਟਰੀ ਇਲਾਜ ਤੱਕ ਸਮੇਂ ਸਿਰ ਪਹੁੰਚ ਦੀ ਲੋੜ ਹੁੰਦੀ ਹੈ, ਅਤੇ ਇਸ ਲਈ ਸਾਫ਼ ਪਾਣੀ, ਪੌਸ਼ਟਿਕ ਭੋਜਨ ਅਤੇ ਲੋੜੀਂਦੀ ਰਿਹਾਇਸ਼ ਵਰਗੀਆਂ ਚੀਜ਼ਾਂ ਦੀ ਵੀ ਲੋੜ ਹੁੰਦੀ ਹੈ। ਬੀ ਸੀ ਵਿੱਚ, ਬਹੁਤ ਸਾਰੇ ਲੋਕਾਂ ਕੋਲ ਮੁੱਢਲੀ ਸੰਭਾਲ ਤੱਕ ਪਹੁੰਚ ਦੀ ਘਾਟ ਹੈ, ਜਿਸ ਵਿੱਚ 17 ਪ੍ਰਤੀਸ਼ਤ ਉਹ ਲੋਕ ਵੀ ਸ਼ਾਮਲ ਹਨ ਜਿਹੜੇ ਰੈਗੂਲਰ ਸਿਹਤ ਸੰਭਾਲ ਦੀਆਂ ਸੇਵਾਵਾਂ ਦੇਣ ਵਾਲੇ ਤੋਂ ਬਿਨਾਂ ਹਨ। ਪੇਂਡੂ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਵਿੱਚ ਲੋਕਾਂ ਨੂੰ ਸੰਭਾਲ ਵਿੱਚ ਵਧੀਕ ਘਾਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਸ਼ੀਏ 'ਤੇ ਹੋਣ ਵਾਲੀਆਂ ਪਛਾਣਾਂ ਵਾਲੇ ਲੋਕ ਛੋਟੀ ਜ਼ਿੰਦਗੀ ਜਿਉਂਦੇ ਹਨ, ਬਦਤਰ ਮਾਨਸਿਕ ਸਿਹਤ ਵਾਲੇ ਹੁੰਦੇ ਹਨ ਅਤੇ ਸਿਹਤ ਸੰਭਾਲ ਪ੍ਰਣਾਲੀ ਵਿੱਚ ਵਿਤਕਰੇ ਦਾ ਅਨੁਭਵ ਕਰਦੇ ਹਨ। ਇਹ ਸਿਹਤ ਸੰਭਾਲ ਸੰਕਟ ਹਾਲ ਹੀ ਦੇ ਸਾਲਾਂ ਵਿੱਚ ਕੋਵਿਡ-19 ਦੀ ਮਹਾਂਮਾਰੀ ਅਤੇ ਜ਼ਹਿਰੀਲੀਆਂ ਡਰੱਗਾਂ ਦੇ ਸੰਕਟ ਨਾਲ ਹੋਰ ਬਦਤਰ ਹੋ ਗਿਆ ਹੈ। **ਹੈਲਥ ਕੇਅਰ ਸੈਕਸ਼ਨ** ਵਿੱਚ, ਅਸੀਂ ਜ਼ਹਿਰੀਲੀਆਂ ਡਰੱਗਾਂ ਦੇ ਸੰਕਟ 'ਤੇ ਰੋਸ਼ਨੀ ਪਾਉਂਦੇ ਹਾਂ। ਡਰੱਗਾਂ ਦੀ ਅਨਿਯਮਿਤ ਸਪਲਾਈ ਹਰ ਸਾਲ ਬੀ ਸੀ ਦੇ ਹਜ਼ਾਰਾਂ ਲੋਕਾਂ ਨੂੰ ਮਾਰ ਰਹੀ ਹੈ। ਫਿਰ ਵੀ ਇਲਾਜ ਦੀ ਭਾਲ ਕਰਨ ਵਾਲੇ ਲੋਕਾਂ ਨੂੰ ਭਾਰੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿੱਚ ਨਾਕਾਫ਼ੀ ਸਟਾਫ਼, ਪਹੁੰਚ ਕਰਨ ਲਈ ਉਲਝਣ ਵਾਲੀਆਂ ਸ਼ਰਤਾਂ ਅਤੇ ਨਾਕਾਫ਼ੀ ਸਮਾਜਿਕ ਸਹਾਇਤਾ ਸ਼ਾਮਲ ਹਨ।

- **ਜਨਤਕ ਥਾਵਾਂ 'ਤੇ ਉਚਿਤ ਸਲੂਕ ਦਾ ਅਧਿਕਾਰ** ਹਰੇਕ ਵਿਅਕਤੀ ਨੂੰ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਜੀਵਨ ਵਿੱਚ ਸੁਤੰਤਰ ਅਤੇ ਪੂਰੀ ਤਰ੍ਹਾਂ ਭਾਗ ਲੈਣ ਦਾ ਹੱਕ ਦਿੰਦਾ ਹੈ। ਹਾਲ ਹੀ ਦੇ ਸਾਲਾਂ ਵਿੱਚ ਇਹ ਅਧਿਕਾਰ ਨਫ਼ਰਤ ਅਤੇ ਸੱਜੇ-ਪੱਖੀ ਅੰਦੋਲਨਾਂ, ਜਿਨ੍ਹਾਂ ਦਾ ਉਦੇਸ਼ ਹਾਸ਼ੀਏ 'ਤੇ ਵਿਚਰ ਰਹੇ ਲੋਕਾਂ ਦੀਆਂ ਆਵਾਜ਼ਾਂ ਨੂੰ ਚੁੱਪ ਕਰਾਉਣਾ ਹੈ, ਦੇ ਵਧਣ ਕਾਰਨ ਖ਼ਤਰੇ ਵਿੱਚ ਆ ਗਿਆ ਹੈ। ਬਾਹਰੀ ਜਨਤਕ ਥਾਵਾਂ ਅਤੇ ਔਨਲਾਈਨ ਦੋਵਾਂ ਵਿੱਚ ਨਫ਼ਰਤ ਆਮ ਹੈ: ਪੰਜ ਵਿੱਚੋਂ ਇੱਕ ਕੈਨੇਡੀਅਨ, ਜਿਨ੍ਹਾਂ ਵਿੱਚ 29 ਪ੍ਰਤੀਸ਼ਤ ਰੰਗਦਾਰ ਲੋਕ ਸ਼ਾਮਲ ਹਨ, ਨੇ ਔਨਲਾਈਨ ਨਫ਼ਰਤ, ਪਰੇਸ਼ਾਨੀ ਜਾਂ ਹਿੰਸਾ ਦੇ ਕਿਸੇ ਰੂਪ ਦਾ ਅਨੁਭਵ ਕੀਤਾ ਹੈ। ਕੋਵਿਡ-19 ਮਹਾਂਮਾਰੀ ਦੌਰਾਨ ਅਤੇ ਗਾਜ਼ਾ ਵਿੱਚ ਹਾਲ ਹੀ ਵਿੱਚ ਹੋਈ ਹਿੰਸਾ ਦੇ ਜਵਾਬ ਵਿੱਚ ਨਫ਼ਰਤ ਦੀਆਂ ਘਟਨਾਵਾਂ ਨਾਟਕੀ ਢੰਗ ਨਾਲ ਵਧੀਆਂ ਹਨ। ਇਹ ਵਾਧਾ ਪੁਲਿਸ ਨੂੰ ਰਿਪੋਰਟ ਕੀਤੀਆਂ ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਅਤੇ ਕਈ ਘਟਨਾਵਾਂ ਜਿਹੜੀਆਂ ਪੁਲਿਸ ਨੂੰ ਰਿਪੋਰਟ ਨਹੀਂ ਕੀਤੀਆਂ ਗਈਆਂ, ਵਿੱਚ ਝਲਕਦਾ ਹੈ। **ਪਬਲਿਕ ਸਪੇਸਜ਼ (ਜਨਤਕ ਥਾਂਵਾਂ) ਦੇ ਸੈਕਸ਼ਨ** ਵਿੱਚ, ਅਸੀਂ ਨਫ਼ਰਤ ਫੈਲਾਉਣ ਵਿੱਚ ਗ਼ਲਤ/ਝੂਠੀ ਜਾਣਕਾਰੀ ਦੀ ਭੂਮਿਕਾ `ਤੇ ਰੋਸ਼ਨੀ ਪਾਉਂਦੇ ਹਾਂ। ਜਿਵੇਂ-ਜਿਵੇਂ ਸੰਸਥਾਵਾਂ ਵਿੱਚ ਭਰੋਸਾ ਘਟਦਾ ਹੈ, ਔਨਲਾਈਨ ਸਾਂਝੀ ਕੀਤੀ ਜਾਂਦੀ ਗ਼ਲਤ/ਝੂਠੀ ਜਾਣਕਾਰੀ ਨਾਲ ਨਫ਼ਰਤ ਵਧਦੀ ਜਾ ਰਹੀ ਹੈ । ਇਹ ਹਾਲ ਹੀ ਦੇ ਕਈ ਮਾਮਲਿਆਂ ਵਿੱਚ ਸਪਸ਼ਟ ਹੋਇਆ ਸੀ, ਉਦਾਹਰਨ ਲਈ, ਕੋਵਿਡ-19 ਵਾਇਰਸ ਦੇ ਫੈਲਣ ਬਾਰੇ ਗ਼ਲਤ/ਝੂਠੀ ਜਾਣਕਾਰੀ, ਜਿਸ ਨੇ ਏਸ਼ੀਅਨ ਕੈਨੇਡੀਅਨਾਂ ਵਿਰੁੱਧ ਨਫ਼ਰਤ ਦੇ ਵਾਧੇ ਵਿੱਚ ਯੋਗਦਾਨ ਪਾਇਆ।

- **ਫੌਜਦਾਰੀ ਨਿਆਂ ਪ੍ਰਣਾਲੀ (ਕ੍ਰਿਮੀਨਲ ਜਸਟਿਸ ਸਿਸਟਮ) ਵਿੱਚ ਉਚਿਤ ਸਲੂਕ ਦਾ ਅਧਿਕਾਰ** ਹਰੇਕ ਵਿਅਕਤੀ ਨੂੰ ਪੁਲਿਸ ਅਤੇ ਸੁਧਾਰ ਅਦਾਰਿਆਂ (ਕੋਰੈਕਸ਼ਨਲ ਇਨਸਟੀਚਿਊਸ਼ਨਜ਼) ਦੁਆਰਾ ਬਰਾਬਰੀ ਵਾਲਾ ਸਲੂਕ ਕੀਤੇ ਜਾਣ ਦਾ ਹੱਕ ਦਿੰਦਾ ਹੈ। ਇਨਡਿਜਨਿਸ (ਮੂਲਵਾਸੀ) ਅਤੇ ਰੰਗਦਾਰ ਲੋਕਾਂ, ਦੇ ਨਾਲ ਨਾਲ ਹੀ ਮਾਨਸਿਕ ਸਿਹਤ ਜਾਂ ਨਸ਼ਿਆਂ ਦੀ ਵਰਤੋਂ (ਐੱਮ ਐੱਚ ਐੱਸ ਯੂ) ਦੇ ਵਿਗਾੜਾਂ ਵਾਲੇ ਲੋਕਾਂ ਨੂੰ ਫੌਜਦਾਰੀ ਨਿਆਂ ਪ੍ਰਣਾਲੀ ਨਾਲ ਨਕਾਰਾਤਮਿਕ ਵਾਹ ਦੇ ਬਹੁਤ ਜ਼ਿਆਦਾ ਖ਼ਤਰੇ ਹਨ। ਉਦਾਹਰਨ ਲਈ, 2023 ਵਿੱਚ ਕਿਸੇ ਵੀ ਦਿਨ, ਲਗਭਗ 1,829 ਵਿਅਕਤੀ ਬੀ ਸੀ ਸੁਧਾਰ ਕੇਂਦਰਾਂ (ਕੋਰੈਕਸ਼ਨਲ ਸੈਂਟਰਾਂ) ਵਿੱਚ ਸਨ ਅਤੇ ਉਨ੍ਹਾਂ ਵਿੱਚੋਂ ਇੱਕ ਤਿਹਾਈ ਤੋਂ ਵੱਧ (662) ਦੀ ਪਛਾਣ ਇਨਡਿਜਨਿਸ (ਮੂਲਵਾਸੀ) ਵਜੋਂ ਕੀਤੀ ਗਈ। **ਫੌਜਦਾਰੀ ਨਿਆਂ ਪ੍ਰਣਾਲੀ (ਕ੍ਰਿਮੀਨਲ ਜਸਟਿਸ ਸਿਸਟਮ) ਦੇ ਸੈਕਸ਼ਨ**, ਵਿੱਚ ਅਸੀਂ ਸੁਧਾਰ ਕੇਂਦਰਾਂ ਵਿੱਚ ਐੱਮ ਐੱਚ ਐੱਸ ਯੂ ਦੀਆਂ ਚੁਣੌਤੀਆਂ ਵਾਲੇ ਲੋਕਾਂ ਦੇ ਅਨੁਭਵਾਂ 'ਤੇ ਰੋਸ਼ਨੀ ਪਾਉਂਦੇ ਹਾਂ। ਉਦਾਹਰਨ ਲਈ, ਐੱਮ ਐੱਚ ਐੱਸ ਯੂ ਦੇ ਵਿਗਾੜਾਂ ਵਾਲੇ ਬਹੁਤ ਸਾਰੇ ਲੋਕ ਸੁਧਾਰ ਕੇਂਦਰਾਂ ਵਿੱਚ ਇਲਾਜ ਪ੍ਰਾਪਤ ਕਰਦੇ ਹਨ, ਪਰ ਉਹ ਅਕਸਰ ਸਦਮਾ ਪਹੁੰਚਾਉਣ ਵਾਲੀ ਤਾਕਤ ਦੀ ਵਰਤੋਂ ਜਿਵੇਂ ਕਿ ਦੂਜੇ ਲੋਕਾਂ ਤੋਂ ਵੱਖ ਰੱਖਣਾ, ਵਿੱਚੋਂ ਗੁਜ਼ਰਦੇ ਹਨ । ਬਹੁਤ ਸਾਰੇ ਮਾਮਲਿਆਂ ਵਿੱਚ ਦੂਜੇ ਲੋਕਾਂ ਤੋਂ ਵੱਖ ਰੱਖਣਾ, ਕੈਦੀਆਂ ਨਾਲ ਵਿਹਾਰ ਦੇ ਅੰਤਰਰਾਸ਼ਟਰੀ ਘੱਟ ਤੋਂ ਘੱਟ ਮਾਪਦੰਡਾਂ ਦੀ ਉਲੰਘਣਾ ਕਰਦਾ ਹੈ। ਇਹ ਰਿਹਾਈ ਤੋਂ ਬਾਅਦ ਐੱਮ ਐੱਚ ਐੱਸ ਯੂ ਦੇ ਵਿਗਾੜਾਂ ਵਾਲੇ ਲੋਕਾਂ ਲਈ ਵਾਧੂ ਜੋਖ਼ਮ ਪੈਦਾ ਕਰਦਾ ਹੈ। ਉਦਾਹਰਨ ਲਈ, ਹਿਰਾਸਤ ਵਿੱਚੋਂ ਨਿਕਲਣ ਤੋਂ ਥੋੜ੍ਹੀ ਦੇਰ ਬਾਅਦ ਘਾਤਕ ਓਵਰਡੋਜ਼(ਅਧਿਕ ਮਾਤਰਾ ਵਿੱਚ ਨਸ਼ਾ) ਦੀਆਂ ਦਰਾਂ ਤਿੰਨ ਗੁਣਾਂ ਤੋਂ ਵੱਧ ਹਨ।

- **ਪਰਿਵਾਰਕ ਖੇਤਰ ਵਿੱਚ ਉਚਿਤ ਸਲੂਕ ਦਾ ਅਧਿਕਾਰ** ਹਰੇਕ ਵਿਅਕਤੀ ਨੂੰ ਆਪਣੇ ਘਰਾਂ ਅਤੇ ਨਜ਼ਦੀਕੀ ਰਿਸ਼ਤਿਆਂ ਵਿੱਚ ਹਿੰਸਾ ਤੋਂ ਮੁਕਤੀ ਅਤੇ ਅਸਲ ਬਰਾਬਰੀ ਦਾ ਹੱਕ ਦਿੰਦਾ ਹੈ। ਪਰਿਵਾਰਕ ਖੇਤਰ ਵਿੱਚ ਕੰਮ ਦੀ ਨਾਬਰਾਬਰ ਵੰਡ ਵਿੱਚ ਅਸਮਾਨਤਾ ਲਗਾਤਾਰ ਸਪਸ਼ਟ ਦਿਸਦੀ ਹੈ; ਰੁਜ਼ਗਾਰ ਦੀ ਸਥਿਤੀ ਭਾਵੇਂ ਕੋਈ ਵੀ ਹੋਵੇ, ਔਰਤਾਂ ਬੱਚਿਆਂ ਦੀ ਦੇਖਭਾਲ ਅਤੇ ਘਰੇਲੂ ਕੰਮਾਂ ਵਿੱਚ ਮਰਦਾਂ ਨਾਲੋਂ ਵੱਧ ਸਮਾਂ ਬਿਤਾਉਂਦੀਆਂ ਹਨ। ਇਹ ਵਾਧੂ ਘਰੇਲੂ ਬੋਝ ਕੰਮ ਦੀ ਘੱਟ ਤਨਖ਼ਾਹ ਨਾਲ ਮਿਲ ਕੇ ਵੱਧ ਜਾਂਦਾ ਹੈ, ਦੋਹਾਂ ਦੇ ਰਲਣ ਨਾਲ ਆਰਥਿਕ ਕਮਜ਼ੋਰੀ ਵਧਦੀ ਹੈ ਅਤੇ ਦੁਰਵਿਵਹਾਰ ਵਾਲੇ ਸਬੰਧਾਂ ਨੂੰ ਛੱਡਣਾ ਮੁਸ਼ਕਲ ਹੋ ਜਾਂਦਾ ਹੈ। ਪੁਲਿਸ ਕੋਲ ਨਜ਼ਦੀਕੀ ਸਾਥੀ ਦੁਆਰਾ ਹਿੰਸਾ (ਇੰਟੀਮੇਟ ਪਾਰਟਨਰ ਵਾਇਲੈਂਸ -ਆਈ ਪੀ ਵੀ) ਦੀ ਰਿਪੋਰਟ ਕਰਨ ਵਾਲੇ ਬੀ ਸੀ ਦੇ ਨਿਵਾਸੀਆਂ ਵਿੱਚੋਂ ਤਿੰਨ ਚੌਥਾਈ ਨਿਵਾਸੀ ਔਰਤਾਂ ਅਤੇ ਲੜਕੀਆਂ ਸਨ, ਅਤੇ ਆਈ ਪੀ ਵੀ ਪੁਲਿਸ ਰਿਪੋਰਟਾਂ ਦੁਆਰਾ ਦੱਸੀ ਜਾਂਦੀ ਸੰਖਿਆ ਨਾਲੋਂ ਬਹੁਤ ਜ਼ਿਆਦਾ ਆਮ ਹੈ। **ਪਰਿਵਾਰਕ ਖੇਤਰ (ਫੈਮਿਲੀ ਸਫ਼ੀਅਰ) ਦੇ ਸੈਕਸ਼ਨ** ਵਿੱਚ, ਅਸੀਂ ਪਰਿਵਾਰਕ ਹਿੰਸਾ ਨੂੰ ਸ਼ਾਮਲ ਕਰਨ ਵਾਲੇ ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਮਾਪਿਆਂ ਦੀ ਬੇਗਾਨਗੀ ਦੇ ਦੋਸ਼ਾਂ ਦੀ ਦੁਰਵਰਤੋਂ `ਤੇ ਰੋਸ਼ਨੀ ਪਾਉਂਦੇ ਹਾਂ। ਕੁਝ ਮਾਮਲਿਆਂ ਵਿੱਚ, ਹਿੰਸਾ ਦੀ ਰਿਪੋਰਟ ਕਰਨ ਵਾਲੀਆਂ ਮਾਵਾਂ ਨੂੰ "ਮਾਪਿਆਂ ਦੀ ਬੇਗਾਨਗੀ" ਦੇ ਜਵਾਬੀ ਇਲਜ਼ਾਮ ਦਾ ਸਾਹਮਣਾ ਕਰਨਾ ਪੈਂਦਾ ਹੈ - ਇਹ ਦਾਅਵਾ ਕਿ ਉਹ ਬੱਚਿਆਂ ਨੂੰ ਆਪਣੇ ਪਿਤਾ ਦੇ ਵਿਰੁੱਧ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਅਕਸਰ ਅਦਾਲਤਾਂ ਦੁਆਰਾ ਇਸ ਦਾਅਵੇ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ ਪਰ ਇਸ ਵਿੱਚ ਭਰੋਸੇਯੋਗ ਸਬੂਤ ਦੀ ਘਾਟ ਹੁੰਦੀ ਹੈ।

- **ਚਾਈਲਡ ਵੈੱਲਫੇਅਰ ਸਿਸਟਮ (ਬਾਲ ਕਲਿਆਣ ਪ੍ਰਣਾਲੀ) ਦੁਆਰਾ ਉਚਿਤ ਸਲੂਕ ਦਾ ਅਧਿਕਾਰ** ਹਰ ਕਿਸੇ ਨੂੰ ਜਦੋਂ ਵੀ ਸੰਭਵ ਹੋਵੇ ਪਰਿਵਾਰਾਂ ਨੂੰ ਸੁਰੱਖਿਅਤ ਅਤੇ ਇਕੱਠੇ ਰੱਖਣ ਦੇ ਉਦੇਸ਼ ਨਾਲ ਸਰਗਰਮ ਸਰਕਾਰੀ ਕਾਰਵਾਈ ਦਾ ਹੱਕ ਦਿੰਦਾ ਹੈ। ਹਾਲ ਹੀ ਦੇ ਸਾਲਾਂ ਵਿੱਚ ਸੰਭਾਲ ਅਧੀਨ ਬੱਚਿਆਂ ਅਤੇ ਨੌਜਵਾਨਾਂ (ਸੀ ਵਾਈ ਆਈ ਸੀ) ਦੀ ਗਿਣਤੀ ਵਿੱਚ ਕਮੀ ਆਈ ਹੈ, ਪਰ ਚਾਈਲਡ ਵੈੱਲਫੇਅਰ ਸਿਸਟਮ (ਬਾਲ ਕਲਿਆਣ ਪ੍ਰਣਾਲੀ) ਹਾਸ਼ੀਆਗ੍ਰਸਤ ਪਰਿਵਾਰਾਂ ਦੇ ਬੱਚਿਆਂ, ਖ਼ਾਸ ਤੌਰ 'ਤੇ ਜਿਹੜੇ ਇਨਡਿਜਨਿਸ (ਮੂਲਵਾਸੀ) ਹਨ, ਗ਼ਰੀਬ ਹਨ ਜਾਂ ਅਪਾਹਜਤਾ ਨਾਲ ਰਹਿ ਰਹੇ ਹਨ, ਨੂੰ ਅਣਮੇਲਵੇਂ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਉਦਾਹਰਨ ਲਈ, ਆਬਾਦੀ ਦਾ ਸਿਰਫ਼ 10 ਪ੍ਰਤੀਸ਼ਤ ਹੋਣ ਦੇ ਬਾਵਜੂਦ, 68 ਪ੍ਰਤੀਸ਼ਤ ਸੀ ਵਾਈ ਆਈ ਸੀ ਇਨਡਿਜਨਿਸ (ਮੂਲਵਾਸੀ) ਹਨ। ਬੱਚਿਆਂ ਅਤੇ ਨੌਜਵਾਨਾਂ ਨੂੰ ਅਕਸਰ "ਅਣਗਹਿਲੀ" ਦੇ ਕਾਰਨ ਸੰਭਾਲ ਵਿੱਚ ਰੱਖਿਆ ਜਾਂਦਾ ਹੈ, ਫਿਰ ਵੀ ਬਹੁਤ ਸਾਰੇ ਪਰਿਵਾਰਾਂ ਨੂੰ ਪ੍ਰਣਾਲੀਗਤ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਅਣਗਹਿਲੀ ਵਜੋਂ ਦਿਖਾਈ ਦਿੰਦੀਆਂ ਹਨ ਪਰ ਅਸਲ ਵਿੱਚ ਮਾਪਿਆਂ ਦੇ ਕੰਟਰੋਲ ਤੋਂ ਬਾਹਰ ਹੁੰਦੀਆਂ ਹਨ। ਉਦਾਹਰਨਾਂ ਵਿੱਚ ਕਿਫ਼ਾਇਤੀ ਰਿਹਾਇਸ਼ ਅਤੇ ਮਾਨਸਿਕ ਸਿਹਤ ਸਹਾਇਤਾ ਦੀ ਅਣਹੋਂਦ ਸ਼ਾਮਲ ਹੈ। ਸੁਰੱਖਿਆ ਲਈ ਆਪਣੇ ਪਰਿਵਾਰਾਂ ਤੋਂ ਵੱਖ ਹੋਏ ਬੱਚਿਆਂ ਅਤੇ ਨੌਜਵਾਨਾਂ ਨੂੰ ਸਰੀਰਕ ਅਤੇ ਜਿਨਸੀ ਹਿੰਸਾ ਸਮੇਤ ਕਈ ਤਰ੍ਹਾਂ ਦੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਚਾਈਲਡ ਵੈੱਲਫੇਅਰ ਸਿਸਟਮ (ਬਾਲ ਕਲਿਆਣ ਪ੍ਰਣਾਲੀ) ਨੂੰ ਢੁਕਵੇਂ ਸਟਾਫ਼ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। **ਚਾਈਲਡ ਵੈੱਲਫੇਅਰ(ਬਾਲ ਕਲਿਆਣ) ਸੈਕਸ਼ਨ** ਵਿੱਚ, ਅਸੀਂ ਅਪਾਹਜ ਬੱਚਿਆਂ ਅਤੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦਰਪੇਸ਼ ਵਾਧੂ ਚੁਨੌਤੀਆਂ 'ਤੇ ਰੋਸ਼ਨੀ ਪਾਉਂਦੇ ਹਾਂ। ਅਪਾਹਜਤਾ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ, ਵਿਕਾਸ ਦੇ ਨਾਜ਼ੁਕ ਸਮੇਂ ਦੌਰਾਨ ਵਸੀਲਿਆਂ ਦੀ ਘਾਟ ਦੇ ਨਤੀਜੇ ਵਜੋਂ ਸਿਹਤ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ, ਜਿਹੜੀਆਂ ਉਹਨਾਂ ਲਈ ਜੀਵਨ ਭਰ ਲਈ ਅਸਮਾਨਤਾਵਾਂ ਪੈਦਾ ਕਰ ਦਿੰਦੀਆਂ ਹਨ। ਵਸੀਲਿਆਂ ਤੱਕ ਪਹੁੰਚ ਕਰਨ ਨੂੰ ਰੋਗ ਉੱਪਰ ਨਿਰਭਰ ਰੱਖਿਆ ਗਿਆ ਹੈ ਅਤੇ ਸਾਰੇ ਰੋਗਾਂ ਦਾ ਸਮਾਨ ਰੂਪ ਵਿੱਚ ਇਲਾਜ ਨਹੀਂ ਕੀਤਾ ਜਾਂਦਾ। ਪਰਿਵਾਰਾਂ ਨੂੰ ਸੀਮਾ ਤੱਕ ਧੱਕ ਦਿੱਤਾ ਜਾਂਦਾ ਹੈ ਅਤੇ ਕੁਝ ਸਹਾਇਤਾ ਪ੍ਰਾਪਤ ਕਰਨ ਲਈ ਆਪਣੇ ਬੱਚਿਆਂ ਨੂੰ ਸੰਭਾਲ ਵਿੱਚ ਰੱਖਣ ਬਾਰੇ ਸੋਚਦੇ ਹਨ।

- **ਸਾਰੇ ਮਨੁੱਖੀ ਅਧਿਕਾਰ ਇੱਕ ਸਾਫ਼, ਸਿਹਤਮੰਦ ਅਤੇ ਟਿਕਾਊ ਵਾਤਾਵਰਨ 'ਤੇ ਨਿਰਭਰ ਕਰਦੇ ਹਨ।** ਜਲਵਾਯੂ ਤਬਦੀਲੀ, ਅਤਿ ਦੇ ਮੌਸਮ, ਪ੍ਰਦੂਸ਼ਣ ਅਤੇ ਵਾਤਾਵਰਣ ਦੇ ਹੋਰ ਸੰਕਟ ਮਨੁੱਖੀ ਹੋਂਦ ਲਈ ਇਸ ਮਹੱਤਵਪੂਰਨ ਨੀਂਹ ਨੂੰ ਖ਼ਤਰੇ ਵਿੱਚ ਪਾਉਂਦੇ ਹਨ। ਹਾਸ਼ੀਆਗ੍ਰਸਤ ਲੋਕਾਂ 'ਤੇ ਨੁਕਸਾਨ ਦਾ ਬੇਮੇਲ ਅਸਰ ਪੈਂਦਾ ਹੈ। ਇਹਨਾਂ ਲੋਕਾਂ ਨੇ ਸੰਕਟ ਵਿੱਚ ਘੱਟ ਤੋਂ ਘੱਟ ਯੋਗਦਾਨ ਪਾਇਆ ਹੈ ਅਤੇ ਇਹਨਾਂ ਦੇ ਅਧਿਕਾਰ ਪਹਿਲਾਂ ਹੀ ਘੱਟ ਸੁਰੱਖਿਅਤ ਹਨ। ਇਹ ਹਾਲ ਹੀ ਦੇ ਸਾਲਾਂ ਵਿੱਚ ਸਪਸ਼ਟ ਹੋ ਗਿਆ ਸੀ ਜਦੋਂ ਬੇਮਿਸਾਲ ਹੜ੍ਹਾਂ, ਗਰਮੀ ਦੀਆਂ ਲਹਿਰਾਂ ਅਤੇ ਜੰਗਲੀ ਅੱਗਾਂ ਨੇ ਪੂਰੇ ਸੂਬੇ ਵਿੱਚ ਜੈਵ ਵਿਭਿੰਨਤਾ, ਜੀਵਨ ਅਤੇ ਜਾਇਦਾਦ ਨੂੰ ਤਬਾਹ ਕਰ ਦਿੱਤਾ ਸੀ। ਫਿਰ ਵੀ, ਬੀ ਸੀ ਜਲਵਾਯੂ ਸੰਕਟ ਵਿੱਚ ਬੇਮੇਲ ਯੋਗਦਾਨ ਪਾਉਣਾ ਜਾਰੀ ਰੱਖ ਰਿਹਾ ਹੈ ਅਤੇ ਆਪਣੇ ਵਿਧਾਨਿਕ ਨਿਕਾਸ (ਲੈਜਿਸਲੇਟਿਡ ਇਮਿਸ਼ਨਜ਼) ਘਟਾਉਣ ਦੇ ਟੀਚਿਆਂ ਨੂੰ ਪੂਰਾ ਕਰਨ ਦੇ ਰਾਹ 'ਤੇ ਨਹੀਂ ਹੈ। **ਇਨਵਾਇਰਮੈਂਟਲ ਕਰਾਈਸਿਜ਼ (ਵਾਤਾਵਰਣ ਸੰਕਟ) ਸੈਕਸ਼ਨ** ਵਿੱਚ, ਅਸੀਂ ਜਲਵਾਯੂ ਪਰਿਵਰਤਨ ਨੂੰ ਹੱਲ ਕਰਨ ਵਿੱਚ ਇਨਡਿਜਨਿਸ (ਮੂਲਵਾਸੀ) ਲੋਕਾਂ ਦੀ ਮਹੱਤਵਪੂਰਨ ਭੂਮਿਕਾ `ਤੇ ਰੋਸ਼ਨੀ ਪਾਉਂਦੇ ਹਾਂ। ਇਨਡਿਜਨਿਸ (ਮੂਲਵਾਸੀ) ਲੋਕ ਜਲਵਾਯੂ ਅਨੁਕੂਲਨ ਵਿੱਚ ਮਾਹਰ ਹਨ ਪਰ ਮੁੱਖ ਧਾਰਾ ਦੀਆਂ ਪਹਿਲਕਦਮੀਆਂ ਦੁਆਰਾ ਅਕਸਰ ਉਹਨਾਂ ਦੀਆਂ ਆਵਾਜ਼ਾਂ ਨੂੰ ਘੱਟ ਸੁਣਿਆ ਜਾਂਦਾ ਹੈ। ਇਨਡਿਜਨਿਸ(ਮੂਲਵਾਸੀ)ਦ੍ਰਿਸ਼ਟੀਕੋਣਾਂ ਨੂੰ ਕੇਂਦਰ ਵਿੱਚ ਲਿਆ ਕੇ ਜਲਵਾਯੂ ਦੇ ਅਨੁਕੂਲ ਹੋਣ ਵਾਲੀਆਂ ਰਣਨੀਤੀਆਂ ਮਜ਼ਬੂਤ ਹੋ ਸਕਦੀਆਂ ਹਨ, ਜਿਵੇਂ ਕਿ ਹਾਲ ਹੀ ਵਿੱਚ ਕਲਚਰਲ ਬਰਨਿੰਗ ਅਤੇ ਇਨਡਿਜਨਿਸ ਫਾਇਰ ਸਟੀਵਰਡਸ਼ਿਪ ਦੀ ਵਿਆਪਕ ਮਾਨਤਾ ਵਿੱਚ ਦੇਖਿਆ ਗਿਆ ਹੈ।

ਇਸ ਰਾਈਟਸ ਇਨ ਫੋਕਸ ਰਿਪੋਰਟ ਵਿੱਚ ਉਜਾਗਰ ਕੀਤੀਆਂ ਗਈਆਂ ਪ੍ਰਣਾਲੀਗਤ ਅਸਮਾਨਤਾਵਾਂ ਸਾਡੇ ਸਾਰਿਆਂ 'ਤੇ ਪ੍ਰਭਾਵ ਪਾਉਂਦੀਆਂ ਹਨ ਪਰ ਉਨ੍ਹਾਂ ਲੋਕਾਂ ਨੂੰ ਬੇਮੇਲ ਨੁਕਸਾਨ ਪਹੁੰਚਾਉਂਦੀਆਂ ਹਨ ਜੋ ਸਾਡੇ ਸਮਾਜ ਵਿੱਚ ਸਭ ਤੋਂ ਵੱਧ ਹਾਸ਼ੀਏ 'ਤੇ ਹਨ। ਇੱਥੇ ਵਰਨਨ ਕੀਤੇ ਗਏ 10 ਮੁੱਦਿਆਂ ਦੇ ਖੇਤਰਾਂ ਨੂੰ ਅਲਹਿਦਾ ਅਲਹਿਦਾ ਤੌਰ `ਤੇ ਅਨੁਭਵ ਨਹੀਂ ਕੀਤਾ ਜਾਂਦਾ; ਬ੍ਰਿਟਿਸ਼ ਕੋਲੰਬੀਆ ਦੇ ਬਹੁਤ ਸਾਰੇ ਵਸਨੀਕ ਜੀਵਨ ਦੇ ਕਈ ਖੇਤਰਾਂ ਵਿੱਚ ਆਪਣੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਅਨੁਭਵ ਇਸ ਤਰ੍ਹਾਂ ਕਰਦੇ ਹਨ ਕਿ ਨੁਕਸਾਨ ਕਈ ਪਾਸਿਆਂ ਤੋਂ ਜੁੜ ਜਾਂਦਾ ਹੈ।

ਇਹ ਸਮਝ ਨਾਲ ਹੀ ਅਸੀਂ ਕੰਮ ਕਰ ਸਕਦੇ ਹਾਂ। ਇਹ ਰਿਪੋਰਟ ਇਸ ਗੱਲ 'ਤੇ ਕੇਂਦਰਿਤ ਹੈ ਕਿ ਅਸੀਂ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕਾਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਵਿੱਚ ਕਿੱਥੇ ਪਿੱਛੇ ਰਹੇ ਹਾਂ, ਅਸੀਂ ਉਹਨਾਂ ਬਹੁਤ ਸਾਰੇ ਸ਼ਕਤੀਸ਼ਾਲੀ ਤਰੀਕਿਆਂ ਦਾ ਵੀ ਸਨਮਾਨ ਕਰਦੇ ਹਾਂ ਜਿਨ੍ਹਾਂ ਰਾਹੀਂ ਜੀਵਨ ਦੇ ਸਾਰੇ ਖੇਤਰਾਂ ਵਿੱਚ ਲੋਕ ਜ਼ੁਲਮ ਦਾ ਵਿਰੋਧ ਕਰ ਰਹੇ ਹਨ, ਮਨੁੱਖੀ ਅਧਿਕਾਰਾਂ ਲਈ ਖੜ੍ਹੇ ਹੋ ਰਹੇ ਹਨ ਅਤੇ ਸਿਸਟਮ ਨੂੰ ਬਿਹਤਰ ਬਣਾਉਣ ਲਈ ਉਸ ਵਿੱਚ ਤਬਦੀਲੀਆਂ ਕਰ ਰਹੇ ਹਨ। ਸਾਨੂੰ ਉਮੀਦ ਹੈ ਕਿ ਸਾਡੇ ਸੂਬੇ ਵਿੱਚ ਮਨੁੱਖੀ ਅਧਿਕਾਰਾਂ ਦੀ ਇਹ ਤਸਵੀਰ ਤਬਦੀਲੀ ਲਈ ਪ੍ਰੇਰਨਾ ਸਰੋਤ ਵਜੋਂ ਕੰਮ ਕਰੇਗੀ।

British Columbia's
**Office of the Human Rights Commissioner**

536 – 999 Canada Place
Vancouver, BC V6C 3E1
1-844-922-6472 | **info@bchumanrights.ca**

bchumanrights.ca
@humanrights4bc
humanrights4bc

[Punjabi]